## ਤੁਹਾਨੂੰ "ਗੁੱਡ ਫੇਥ ਐਸਟੀਮੇਟ" (ਚੰਗੀ ਨੀਯਤ ਨਾਲ ਕੀਤਾ ਗਿਆ ਮੁਲਾਂਕਣ) ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਤੁਹਾਡੀ ਡਾਕਟਰੀ ਦੇਖਭਾਲ ਦੀ ਕੀਮਤ ਕਿੰਨੀ ਹੋਵੇਗੀ।

ਕਾਨੂੰਨ ਦੇ ਤਹਿਤ, ਸਿਹਤ ਦੇਖਭਾਲ ਪ੍ਰਦਾਤਾਵਾਂ ਨੂੰ **ਜਿਨ੍ਹਾਂ ਮਰੀਜ਼ਾਂ ਕੋਲ ਬੀਮਾ ਨਹੀਂ ਹੈ ਜਾਂ ਜੋ ਬੀਮੇ ਦੀ ਵਰਤੋਂ ਨਹੀਂ ਕਰ ਰਹੇ** ਉਹਨਾਂ ਨੂੰ ਮੈਡੀਕਲ ਵਸਤੂਆਂ ਅਤੇ ਸੇਵਾਵਾਂ ਲਈ ਬਿੱਲ ਦਾ ਅੰਦਾਜ਼ਾ ਦੇਣ ਦੀ ਲੋੜ ਹੁੰਦੀ ਹੈ।

• ਤੁਹਾਨੂੰ ਕਿਸੇ ਵੀ ਗੈਰ-ਐਮਰਜੈਂਸੀ ਵਸਤੂਆਂ ਜਾਂ ਸੇਵਾਵਾਂ ਦੀ ਕੁੱਲ ਅਨੁਮਾਨਿਤ ਲਾਗਤ ਲਈ ਇੱਕ ਗੁੱਡ ਫੇਥ ਐਸਟੀਮੇਟ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ ਵਿੱਚ ਡਾਕਟਰੀ ਜਾਂਚਾਂ, ਨੁਸਖ਼ੇ ਵਾਲੀਆਂ ਦਵਾਈਆਂ, ਸਾਜ਼ੋ-ਸਮਾਨ ਅਤੇ ਹਸਪਤਾਲ ਦੀਆਂ ਫੀਸਾਂ ਵਰਗੀਆਂ ਸੰਬੰਧਿਤ ਲਾਗਤਾਂ ਸ਼ਾਮਲ ਹਨ।

• ਇਹ ਪੱਕਾ ਕਰੋ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ  ਡਾਕਟਰੀ ਸੇਵਾ ਜਾਂ ਵਸਤੂ ਪ੍ਰਦਾਨ ਕਰਨ ਤੋਂ ਘੱਟੋ-ਘੱਟ 1 ਕਾਰੋਬਾਰੀ ਦਿਨ ਪਹਿਲਾਂ ਲਿਖਤੀ ਰੂਪ ਵਿੱਚ ਗੁੱਡ ਫੈਥ ਐਸਟੀਮੇਟ ਦੇ ਦਿੰਦਾ ਹੈ। ਤੁਸੀਂ ਕਿਸੇ ਵਸਤੂ ਜਾਂ ਸੇਵਾ ਨੂੰ ਨਿਯਤ ਕਰਨ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ, ਅਤੇ ਤੁਹਾਡੇ ਦੁਆਰਾ ਚੁਣੇ ਗਏ ਕਿਸੇ ਵੀ ਹੋਰ ਪ੍ਰਦਾਤਾ ਤੋਂ ਗੁੱਡ ਫੈਥ ਐਸਟੀਮੇਟ ਦੀ ਮੰਗ ਕਰ ਸਕਦੇ ਹੋ।

• ਜੇਕਰ ਤੁਹਾਨੂੰ ਕੋਈ ਬਿੱਲ ਮਿਲਦਾ ਹੈ ਜੋ ਤੁਹਾਡੇ ਗੁੱਡ ਫੈਥ ਐਸਟੀਮੇਟ ਤੋਂ ਘੱਟੋ-ਘੱਟ $400 ਵੱਧ ਹੈ, ਤਾਂ ਤੁਸੀਂ ਬਿੱਲ 'ਤੇ ਵਿਵਾਦ ਕਰ ਸਕਦੇ ਹੋ।

• ਆਪਣੇ ਗੁੱਡ ਫੈਥ ਐਸਟੀਮੇਟ ਦੀ ਇੱਕ ਕਾਪੀ ਜਾਂ ਤਸਵੀਰ ਨੂੰ ਸੁਰੱਖਿਅਤ ਕਰਨਾ ਪੱਕਾ ਕਰੋ।

ਗੁੱਡ ਫੈਥ ਐਸਟੀਮੇਟ ਦੇ ਤੁਹਾਡੇ ਅਧਿਕਾਰ ਬਾਰੇ ਸਵਾਲਾਂ ਜਾਂ ਹੋਰ ਜਾਣਕਾਰੀ ਲਈ, www.cms.gov/nosurprises 'ਤੇ ਜਾਓ।